ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਕੰਪਲੈਕਸ

ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ. ਨਗਰ

(ਸਪੋਰਟਸ ਸਾਖਾ)

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਸੰਗਰੂਰ।

ਈ ਫਾਈਲ ਨੰ: 604875
ਮਿਤੀ 11-12-2023

ਵਿਸਾ: ਸ੍ਰੀਮਤੀ ਗੋਲਡੀ ਰਾਣੀ, ਪੀਟੀਆਈ, ਸਕੰਸਸਸ ਮੂਨਕ ਦੀ ਫਿਟਨੈੱਸ ਸਬੰਧੀ ਮੈਡੀਕਲ ਬੋਰਡ ਦੇ ਗਠਨ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਵਿਸ਼ਾ ਅੰਕਿਤ ਕਰਮਚਾਰਨ ਦੀ ਵਿਭਾਗ ਵੱਲੋਂ 67ਵੀਆਂ ਨੈਸ਼ਨਲ ਸਕੂਲ ਖੇਡਾਂ ਆਰਚਰੀ ਅੰ-17 ਲੜਕੇ/ਲੜਕੀਆਂ ਦੀ ਟੀਮ ਨਾਲ ਜਾਣ ਲਈ ਬਤੌਰ ਜਨਰਲ ਮੈਨੇਜਰ ਡਿਊਟੀ ਲਗਾਈ ਗਈ ਸੀ ਜਿਸਦੇ ਸਬੰਧ ਵਿੱਚ ਸਕੂਲ ਮੁੱਖੀ ਵੱਲੋ ਪੱਤਰ ਪ੍ਰਾਪਤ ਹੋਇਆ ਹੈ ਕਿ ਕਰਮਚਾਰਨ ਦੇ ਸੱਜੇ ਪੈਰ ਵਿੱਚ ਫਰੈਕਚਰ ਕਾਰਨ ਸੋਜ ਆਈ ਹੋਈ ਹੈ ਅਤੇ ਡਾਕਟਰ ਦੀ ਸਲਾਹ ਅਨੁਸਾਰ ਜਿਆਦਾ ਚਲਣ ਅਤੇ ਸਫਰ ਕਰਨ ਤੋਂ ਮਨਾਂ ਕੀਤਾ ਹੈ। ਨੱਥੀ ਸਹਿ ਪੱਤਰਾਂ ਵਿੱਚ ਡਾਕਟਰ ਦਾ ਸਰਟੀਫਿਕੇਟ ਮਿਤੀ 27-10-2023 ਦਾ ਹੈ ਜਿਸ ਵਿੱਚ 15 ਦਿਨ ਦਾ ਆਰਾਮ ਲਿਖਿਆ ਹੈ। ਸੋ ਸਪਸ਼ਟ ਹੈ ਕਿ ਕਰਮਚਾਰਨ ਫਰਕੈਚਰ ਉਪਰੰਤ ਰੈਸਟ ਕਰਨ ਤੋਂ ਬਾਅਦ ਆਪਣੇ ਸਕੂਲ ਜਾ ਰਹੀ ਹੈ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਤੁਰੰਤ ਸ੍ਰੀਮਤੀ ਗੋਲਡੀ ਰਾਣੀ, ਪੀਟੀਆਈ, ਸਕੰਸਸਸ ਮੂਨਕ ਦੀ ਫਿਟਨੈੱਸ ਸਬੰਧੀ ਸਿਵਲ ਸਰਜਨ ਨੂੰ ਮੈਡੀਕਲ ਬੋਰਡ ਦੇ ਗਠਨ ਸਬੰਧੀ ਲਿਖਿਆ ਜਾਵੇ ਤਾਂ ਜੋ ਕਰਮਚਾਰਨ ਦੀ ਬੀਮਾਰੀ ਅਤੇ ਫਿਟਨੈਸ ਸਬੰਧੀ ਤੱਥਾਂ ਦੇ ਅਧਾਰ ਤੇ ਰਿਪੋਰਟ ਪ੍ਰਾਪਤ ਹੋ ਸਕੇ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ।

ਡਿਪਟੀ ਡਾਇਰੈਕਟਰ (ਫ਼ਿਜ਼ੀਕਲ ਐਜੂਕੇਸ਼ਨ)